STATE OF WASHINGTON

DEPARTMENT OF SOCIAL AND HEALTH SERVICES

*Developmental Disabilities Administration (DDA)*

# ਪ੍ਰਦਾਤਾ ਦੀ ਮਲਕੀਅਤ ਵਾਲੀ ਹਾਊਸਿੰਗ ਦਾ ਮੈਮੋਰੰਡਮ ਆੱਫ਼ ਅੰਡਰਸਟੈਂਡਿੰਗ ਕਿਰਾਏਦਾਰ ਦੀ ਤਸਦੀਕ

## Provider-Owned Housing Memorandum of Understanding Renter Attestation

ਪਾਲਿਸੀ 4.02 ਦੇ ਅਨੁਸਾਰ, ਇੱਕ ਸਹਾਇਕ ਲਿਵਿੰਗ (SL) ਪ੍ਰਦਾਤਾ ਏਜੰਸੀ, ਪ੍ਰਸ਼ਾਸਕ, ਬੋਰਡ ਮੈਂਬਰ, ਜਾਂ ਮਾਲਕ ਜੋ ਉਸ ਘਰ ਦੇ ਮਾਲਕ ਹਨ ਜੋ ਉਹਨਾਂ ਗਾਹਕਾਂ ਨੂੰ ਕਿਰਾਏ 'ਤੇ ਦਿੱਤੇ ਗਏ ਹਨ, ਜਿਹਨਾਂ ਨੂੰ ਉਹ ਸੇਵਾ ਦਿੰਦੇ ਹਨ, ਉਹਨਾਂ ਨੂੰ ਇੱਕ ਲਿਖਤੀ ਪਾਲਿਸੀ ਲਈ ਅਪਵਾਦ (ETP) ਜਮ੍ਹਾਂ ਕਰਾਉਣਾ ਹੋਵੇਗਾ ਜਿਸ 'ਤੇ ਡਿਪਟੀ ਅਸਿਸਟੈਂਟ ਸੈਕਟਰੀ ਜਾਂ ਪਦਧਾਰਕ ਦੁਆਰਾ ਦਸਤਖ਼ਤ ਕੀਤੇ ਜਾਣੇ ਚਾਹੀਦੇ ਹਨ।

ਬੇਨਤੀ ਕੀਤੇ ETP ਦੇ ਨਾਲ, ਇਸ ਪ੍ਰਦਾਤਾ ਦੀ ਮਲਕੀਅਤ ਵਾਲੀ ਹਾਊਸਿੰਗ ਦੇ ਮੈਮੋਰੈਂਡਮ ਆੱਫ਼ ਅੰਡਰਸਟੈਂਡਿੰਗ 'ਤੇ ਹਰੇਕ ਕਿਰਾਏਦਾਰ ਅਤੇ/ਜਾਂ ਨੁਮਾਇੰਦੇ ਦੁਆਰਾ ਦਸਤਖ਼ਤ ਕੀਤੇ ਜਾਣੇ ਚਾਹੀਦੇ ਹਨ, ਜੋ ਉਹਨਾਂ ਨੂੰ ਪ੍ਰਦਾਤਾ ਦੀ ਮਲਕੀਅਤ ਵਾਲੇ ਘਰ ਵਿੱਚ ਰਹਿੰਦੇ ਹੋਏ ਅਤੇ ਉਸ ਪ੍ਰਦਾਤਾ ਤੋਂ ਰਿਹਾਇਸ਼ੀ ਸਹਾਇਤਾ ਪ੍ਰਾਪਤ ਕਰਦੇ ਹੋਏ ਉਹਨਾਂ ਦੇ ਅਧਿਕਾਰਾਂ ਬਾਰੇ ਸੂਚਿਤ ਕਰਦਾ ਹੈ।

ਏਜੰਸੀ: ______________________________

ਘਰ ਦਾ ਪਤਾ: ______________________________

ਇਹ ਦੱਸਿਆ ਅਤੇ ਸਮਝਿਆ ਗਿਆ ਹੈ ਕਿ ਪ੍ਰਦਾਤਾ ਦੀ ਮਲਕੀਅਤ ਵਾਲੇ ਘਰ ਵਿੱਚ ਦਾਖਲ ਹੋਣ ਵਾਲੇ ਜਾਂ ਵਰਤਮਾਨ ਵਿੱਚ ਰਹਿਣ ਵਾਲੇ ਅਤੇ SL ਸੇਵਾਵਾਂ ਪ੍ਰਾਪਤ ਕਰਨ ਵਾਲੇ ਕਿਸੇ ਵੀ ਭਾਗੀਦਾਰ ਕੋਲ ਹੇਠਾਂ ਦਿੱਤੇ ਅਧਿਕਾਰ ਹਨ:

- ਪ੍ਰਦਾਤਾ ਦੇ ਸੇਵਾ ਖੇਤਰ ਦੇ ਅੰਦਰ ਉਹ ਜਿੱਥੇ ਵੀ ਚੁਣਦੇ ਹਨ ਉੱਥੇ ਰਹਿਣਾ।
- ਪ੍ਰਦਾਤਾ ਦੀ ਮਲਕੀਅਤ ਵਾਲੇ ਘਰ ਤੋਂ ਚਲੇ ਜਾਣਾ ਅਤੇ ਪ੍ਰਦਾਤਾ ਦੇ ਨਾਲ ਰਿਹਾਇਸ਼ੀ ਆਵਾਸ ਸੇਵਾਵਾਂ ਪ੍ਰਾਪਤ ਕਰਨਾ ਜਾਰੀ ਰੱਖਣਾ।
- ਕਿਸੇ ਵੀ ਸਮੇਂ ਪ੍ਰਦਾਤਾ ਦੇ ਸੇਵਾ ਖੇਤਰ ਦੇ ਅੰਦਰ ਮੌਜੂਦ ਕਿਸੇ ਹੋਰ ਘਰ ਵਿੱਚ ਜਾਣ ਲਈ ਬੇਨਤੀ ਕਰਨਾ।
- ਪ੍ਰਦਾਤਾ ਦੇ ਨਾਲ ਹੋਏ ਆਪਣੇ ਲੀਜ਼ ਐਗਰੀਮੇਂਟ ਦੀ ਇੱਕ ਕਾਪੀ 'ਤੇ ਦਸਤਖ਼ਤ ਕਰਨਾ ਅਤੇ ਉਸਨੂੰ ਪ੍ਰਾਪਤ ਕਰਨਾ।
- ਇਸ ਤੋਂ ਇਲਾਵਾ ਕਲਾਇੰਟ, ਉਹਨਾਂ ਦੇ ਕਾਨੂੰਨੀ ਨੁਮਾਇੰਦੇ, ਜੇ ਉਹਨਾਂ ਦੇ ਕੋਲ ਇੱਕ ਹੈ, ਅਤੇ SL ਪ੍ਰਦਾਤਾ ਹੇਠ ਲਿਖਿਆਂ ਨੂੰ ਮੰਨਦੇ ਅਤੇ ਸਮਝਦੇ ਹਨ:
  - ਪ੍ਰਦਾਤਾ ਦੀ ਮਲਕੀਅਤ ਵਾਲਾ ਘਰ ਕਿਰਾਏ 'ਤੇ ਲੈਣਾ ਕਲਾਇੰਟ ਦੀ ਆਪਣੀ ਚੋਣ ਹੈ।
  - ਇਸ SL ਪ੍ਰਦਾਤਾ ਦੇ ਨਾਲ ਸੇਵਾ ਦਾ ਪ੍ਰਬੰਧ, ਪ੍ਰਦਾਤਾ ਦੀ ਮਲਕੀਅਤ ਵਾਲੇ ਘਰ ਵਿੱਚ ਰਹਿਣ 'ਤੇ ਨਿਰਭਰ ਨਹੀਂ ਹੈ।
  - ਇਹ ਘਰ DDA ਪਾਲਿਸੀ 4.02 ਦੇ ਅਨੁਸਾਰ ਪ੍ਰਦਾਤਾ ਦੀ ਮਲਕੀਅਤ ਵਾਲੀ ਹਾਊਸਿੰਗ ਦੀ ਪਰਿਭਾਸ਼ਾ ਦੇ ਅੰਦਰ ਆਉਂਦਾ ਹੈ ਅਤੇ 42 CFR 441.301(c)(4)(vi)ਵਿੱਚ ਸੂਚੀਬੱਧ ਪ੍ਰਦਾਤਾ-ਮਲਕੀਅਤ ਸੈਟਿੰਗਾਂ ਦੀ ਸ਼ਰਤਾਂ ਨੂੰ ਪੂਰਾ ਕਰਦਾ ਹੈ।
  - ਕਲਾਇੰਟਾਂ ਨੂੰ ਆਪਣੇ ਘਰ ਵਿੱਚ ਰਹਿਣ ਦਾ ਅਧਿਕਾਰ ਹੈ ਭਾਵੇਂ ਉਹ ਘਰ ਦੇ ਮਾਲਕ ਤੋਂ ਕੋਈ ਸੇਵਾਵਾਂ ਪ੍ਰਾਪਤ ਨਹੀਂ ਕਰ ਰਹੇ ਹਨ। ਕਿਸੇ ਵੀ ਬੇਦਖ਼ਲੀ 'ਤੇ ਵਿਚਾਰ ਕਰਦੇ ਸਮੇਂ ਮਕਾਨ ਮਾਲਕ-ਕਿਰਾਏਦਾਰ ਕਾਨੂੰਨਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ।

| | |
|---|---|
| ਕਲਾਇੰਟ ਦਾ ਨਾਂ | |
| ਜੇ ਲਾਗੂ ਹੋਵੇ, ਕਲਾਇੰਟ ਦੇ ਕਾਨੂੰਨੀ ਨੁਮਾਇੰਦੇ ਦਾ ਨਾਂ | |
| ਕਲਾਇੰਟ / ਕਲਾਇੰਟ ਦੇ ਕਾਨੂੰਨੀ ਨੁਮਾਇੰਦੇ ਦੇ ਦਸਤਖ਼ਤ | ਤਾਰੀਖ਼ |